ਜੀਵਾਂ ਦੇ ਪੈਦਾ ਹੋਣ ਬਾਰੇ ਗੁਰਮਤਿ ਸਿਧਾਂਤ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਜੀਵਾਂ ਦੇ ਪੈਦਾ ਹੋਣ ਸੰਬੰਧੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਜਪੁਜੀ ਸਾਹਿਬ ਵਿੱਚ ਹੀ ਪ੍ਰਭੂ ਦੇ ਹੁਕਮ ਦੀ ਸੋਝੀ ਕਰਵਾਉਂਦੇ ਹੋਏ ਫੁਰਮਾਉਂਦੇ ਹਨ:

– ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (੧)

ਫਿਰ ਤੀਸਰੀ ਪਉੜੀ ਵਿੱਚ ਵੀ ਜੀਵਾਂ ਨੂੰ ਖੇਹ ਕਰ ਸਕਣ ਵਾਲੀ ਪ੍ਰਭੂ ਦੀ ਸ਼ਕਤੀ ਬਾਰੇ ਵੀ ਜ਼ਿਕਰ ਹੈ:

– ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥ (੧)

ਇਸ ਤੋਂ ਅੱਗੇ ਫਿਰ ਸੋਲਵੀਂ ਪਉੜੀ ਵਿੱਚ ਸਤਿਗੁਰਾਂ ਦਾ ਫੁਰਮਾਨ ਹੈ:

– ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (੩)

ਜੀਵ ਲਈ ਜ਼ਰੂਰੀ ਬਣਦਾ ਹੈ ਕਿ ਆਪਣੇ ਪੈਦਾ ਕਰਨ ਵਾਲੇ ਸਿਰਜਣਹਾਰ ਨੂੰ ਕਦੇ ਆਪਣੇ ਤੋਂ ਦੂਰ ਨਾ ਸਮਝੇ:

– ਸਦਾ ਹਜੂਰਿ ਦੂਰਿ ਨਹ ਦੇਖਹੁ ਰਚਨਾ ਜਿਨਿ ਰਚਾਈ॥ (੯੦੯)

ਜਿਸ ਰਚਣਹਾਰ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ ਸਤਿਗੁਰਾਂ ਵੱਲੋਂ ਉਸ ਨੂੰ ਸਦਾ ਧਿਆਉਣ ਦੀ ਤਾਕੀਦ ਹੈ:

– ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ॥ ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ॥ (੯੩੬)

ਮਨੁੱਖ ਦੇ ਨਾਲ ਹੋਰ ਵੀ ਬੇਅੰਤ ਕਿਸਮ ਦੀਆਂ ਜੋਨੀਆਂ ਦੇ ਪਸ਼ੂ ਪੰਛੀ, ਕੀੜੇ ਮਕੌੜੇ ਸ੍ਰਿਸ਼ਟੀ ਦੀ ਰੌਣਕ ਬਣੇ ਹੋਏ ਹਨ। ਜੇ ਪ੍ਰੋਹਿਤ ਦੇ ਕਹਿਣ ਅਨੁਸਾਰ ਸਾਰੀਆਂ ਜੂਨਾਂ ਦੀ ਗਿਣਤੀ ਚੌਰਾਸੀ ਲੱਖ ਮੰਨ ਲਈਏ ਤਾਂ ਉਨ੍ਹਾਂ ਵਿੱਚ ਮਨੁੱਖ ਦੀ ਗਿਣਤੀ ਐਵੇਂ ਨਾ-ਮਾਤਰ ਹੀ ਬਣਦੀ ਹੈ। ਪਰ ਇਉਂ ਅਨੁਭਵ ਹੁੰਦਾ ਹੈ ਜਿਵੇਂ ਜੀਵਾਂ ਦੇ ਇਸ ਅਪਾਰ ਪਸਾਰੇ ਵਿੱਚੋਂ ਸਿਰਜਣਹਾਰ ਨੂੰ ਕੇਵਲ ਅਤੇ ਕੇਵਲ ਮਨੁੱਖ ਦਾ ਹੀ ਬਹੁਤਾ ਖ਼ਿਆਲ ਰਹਿੰਦਾ ਹੈ। ਸਤਿਗੁਰੂ ਨਾਨਕ ਜੀ ਸਮੇਤ ਸੰਸਾਰ ਵਿੱਚ ਜਿੰਨੇ ਵੀ ਧਾਰਮਿਕ ਅਥਵਾ ਸਮਾਜ ਸੁਧਾਰਕ ਰਹਿਬਰ ਹੋਏ ਹਨ, ਸਾਰੇ ਦੇ ਸਾਰੇ ਕੇਵਲ ਮਨੁੱਖ ਨੂੰ ਹੀ ਨੇਕੀ ਦਾ ਰਸਤਾ ਸਿਖਾਉਂਦੇ ਰਹੇ ਹਨ। ਇਸ ਲੇਖ ਰਾਹੀਂ ਅਸਾਂ ਇਹ ਸਮਝਣਾ ਹੈ ਕਿ ਜੀਵਾਂ ਦੀ ਸਿਰਜਣਾ ਦੇ ਅਰੰਭ ਤੋਂ ਹੀ ਸਿਰਜਣਹਾਰ ਨੂੰ ਕੇਵਲ ਮਨੁੱਖ ਨੂੰ ਹੀ ਸਿੱਧੇ ਰਸਤੇ ਪਾਈ ਰੱਖਣ ਦਾ ਉਚੇਚਾ ਧਿਆਨ ਕਿਸ ਕਾਰਨ ਬਣਿਆ ਹੋਇਆ ਹੈ? ਇਸ ਪ੍ਰਸ਼ਨ ਦਾ ਗੁਰਮਤਿ ਉੱਤਰ ਵਿਚਾਰਨ ਤੋਂ ਪਹਿਲਾਂ ਪਸ਼ੂ ਪੰਛੀਆਂ ਅਤੇ ਕੀੜੇ ਮਕੌੜਿਆਂ ਬਾਰੇ ਗੁਰਬਾਣੀ ਫੁਰਮਾਨ ਵਿਚਾਰ ਲਈਏ।

ਪਸ਼ੂ ਪੰਛੀਆਂ ਆਦਿ ਜੀਵਾਂ ਦਾ ਗੁਰਬਾਣੀ ਜ਼ਿਕਰ

ਗੁਰਬਾਣੀ ਦੇ ਇਸ ਪੱਖ ਤੋਂ ਜਾਣਕਾਰੀ ਕਰਨ ਦਾ ਅਸਲ ਭਾਵ ਵੀ ਸਤਿਗੁਰਾਂ ਦੀ ਮਿਹਰ ਭਰੀ ਉਸ ਖੇਚਲ ਤੋਂ ਜਾਣੂ ਹੋਣ ਦਾ ਹੀ ਹੈ ਜਿਹੜੀ ਉਨ੍ਹਾਂ ਨੇ ਸਾਨੂੰ ਬਹੁਪੱਖੀ ਉਪਦੇਸ਼ ਦੇ ਕੇ ਉੱਚੇ ਤੇ ਸੁੱਚੇ ਆਚਰਣ ਵਾਲੇ ਮਨੁੱਖ ਬਣਾਉਣ ਲਈ ਕੀਤੀ ਹੈ। ਹੇਠਲੇ ਗੁਰੂ ਸ਼ਬਦ ਵਿੱਚ ੨੧ ਪ੍ਰਕਾਰ ਦੇ ਜੀਵਾਂ ਦਾ ਜ਼ਿਕਰ ਕਰਕੇ ਮਾਇਆ ਦੇ ਕਈ ਰੰਗਾਂ ਦੇ ਪ੍ਰਭਾਵ ਦਾ ਗਿਆਨ ਬਖਸ਼ ਕੇ ਮਾਇਆ ਦੇ ਮੋਹ ਵਿੱਚ ਫਸ ਕੇ ਖੁਆਰੀ ਤੋਂ ਬਚੇ ਰਹਿਣ ਦਾ ਗਿਆਨ ਬਖਸ਼ਿਆ ਹੈ:

– ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਕੇ ਛੇਦੇ॥
ਕਾਮ ਮਾਇਆ ਕੁੰਚਰ ਕਉ ਬਿਆਪੈ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ॥
ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥ਰਹਾਉ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥
ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥
ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥
ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥
ਸੁਆਨ ਸਿਆਲ ਮਾਇਆ ਮਹਿ ਰਾਤਾ॥ ਬੰਤਰ ਚੀਤੇ ਅਰੁ ਸਿੰਘਾਤਾ॥
ਮਾਂਜਾਰ ਗਾਡਰ ਅਰੁ ਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ॥
ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥ (੧੧੬੦)

ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਦੇਵਤੇ ਆਦਿ ਵੀ ਪਸ਼ੂ ਪੰਛੀਆਂ ਦੀ ਪੱਧਰ 'ਤੇ ਹੀ ਖਲੋਤੇ ਦਰਸਾਏ ਗਏ ਹਨ। ਸਪੱਸ਼ਟ ਹੈ ਕਿ ਦੇਵਤਿਆਂ ਦੀ ਕਿਸੇ ਅੱਡਰੀ ਅਤੇ ਵਿਸ਼ੇਸ਼ ਹਸਤੀ ਨੂੰ ਗੁਰਬਾਣੀ ਮੁੱਢੋਂ ਹੀ ਨਹੀਂ ਮੰਨਦੀ। ਮੰਨ ਲਉ ਜੇ ਕੋਈ ਅਜਿਹੀ ਹਸਤੀ ਹੈ ਵੀ ਤਾਂ ਉਹ ਕੁੱਤੇ ਬਾਂਦਰ ਆਦਿ ਪਸ਼ੂਆਂ ਦੇ ਪੱਧਰ 'ਤੇ ਹੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਿੱਖ ਕਿਸੇ ਦੇਵੀ ਦੇਵਤੇ ਪ੍ਰਤੀ ਕਿਸੇ ਪ੍ਰਕਾਰ ਦੀ ਵੀ ਜੇ ਸ਼ਰਧਾ ਬਣਾਉਂਦਾ ਹੈ ਤਾਂ ਉਹ ਬਿਪਰਨ ਕੀ ਰੀਤ ਦਾ ਧਾਰਨੀ ਹੋਣ ਦਾ ਅਪਰਾਧੀ ਹੈ।

੧੪ ਪ੍ਰਕਾਰ ਦੇ ਜੀਵ

– ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥
ਰਾਜਾ ਰਾਮ ਕਕਰੀਆ ਬਰੇ ਪਕਾਏ॥ ਕਿਨੈ ਬੂਝਨਹਾਰੈ ਖਾਏ॥ਰਹਾਉ॥
ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ॥
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ॥
ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ॥
ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥
ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ॥ (੪੭੭)

੮ ਪ੍ਰਕਾਰ ਦੇ ਪਸ਼ੂ ਪੰਛੀਆਂ ਦੇ ਜ਼ਿਕਰ ਦੁਆਰਾ ਪ੍ਰਮਾਤਮਾ ਨਾਲ ਦਿਲੀ ਪਿਆਰ ਦਾ ਨਮੂਨਾ ਸਮਝਾਇਆ ਹੈ:

– ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ॥
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥
ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ॥ਰਹਾਉ॥

ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ॥
ਜਿਉ ਕੋਕਿਲ ਕਉ ਅੰਬ ਬਾਲਹਾ ਤਿਉ ਮੇਰੈ ਮਨਿ ਰਾਮਈਆ॥
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ॥
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ॥ (੬੯੩)

<u>੭ ਪ੍ਰਕਾਰ ਦੇ ਪਸ਼ੁ ਪੰਛੀ</u> ਇੱਕ ਸ਼ਬਦ ਵਿੱਚ

- ਪਹਿਲਾ ਪੂਤੁ ਪਿਛੈਰੀ ਮਾਈ॥ ਗੁਰੁ ਲਾਗੋ ਚੇਲੇ ਕੀ ਪਾਈ॥
ਏਕੁ ਅਚੰਭਉ ਸੁਨਹੁ ਤੁਮ੍ ਭਾਈ॥ ਦੇਖਤ ਸਿੰਘੁ ਚਰਾਵਤ ਗਾਈ॥ਰਹਾਉ॥
ਜਲ ਕੀ ਮਛੁਲੀ ਤਰਵਰਿ ਬਿਆਈ॥ ਦੇਖਤ ਕੁਤਰਾ ਲੈ ਗਈ ਬਿਲਾਈ॥
ਤਲੈ ਰੇ ਬੈਸਾ ਊਪਰਿ ਸੂਲਾ॥ ਤਿਸ ਕੈ ਪੇਡਿ ਲਗੇ ਫਲ ਫੂਲਾ॥
ਘੋਰੈ ਚਰਿ ਭੈਸ ਚਰਾਵਨ ਜਾਈ॥ ਬਾਹਰਿ ਬੈਲੁ ਗੋਨਿ ਘਰਿ ਆਈ॥
ਕਹਤ ਕਬੀਰ ਜੁ ਇਸ ਪਦ ਬੂਝੈ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ॥ (੪੮੧)

੬ ਅਤੇ ਫਿਰ ੧੧ ਕਿਸਮਾਂ ਦੇ ਪਸ਼ੂ ਪੰਛੀ ਆਦਿ ਜੀਵਾਂ ਦੇ ਜ਼ਿਕਰ ਤੋਂ ਮਨੁੱਖ ਵਾਸਤੇ ਸ੍ਰੀ ਗੁਰੂ ਨਾਨਕ ਜੀ ਦਾ ਵੱਡਮੁੱਲਾ ਉਪਦੇਸ਼ ਹੈ ਕਿ ਮਾਇਆ ਦਾ ਹੰਕਾਰ ਤਿਆਗ ਕੇ ਨਿਮਰਤਾ ਅਤੇ ਗਰੀਬੀ ਭਾਵਨਾ ਨਾਲ ਪ੍ਰਭੂ ਨੂੰ ਸਦਾ ਯਾਦ ਰੱਖਣ ਨਾਲ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ ਅਤੇ ਫਿਰ ਬੇਅੰਤ ਜੂਨੀਆਂ ਵਿੱਚੋਂ ਕੇਵਲ ਮਨੁੱਖਾ ਦੇਹ ਹੀ ਪ੍ਰਭੂ ਪ੍ਰਾਪਤੀ ਦਾ ਅਵਸਰ ਹੈ:

- ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥
ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥ ਅੰਧੀ ਫੂਕਿ ਮੁਈ ਦੇਵਾਨੀ॥
ਖਸਮਿ ਮਿਟੀ ਫਿਰਿ ਭਾਨੀ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥ ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥
ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥
ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥ ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥ ਮਖੀ ਮਿਠੈ ਮਰਣਾ॥
ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ॥ (੧੨੮੬)

ਇਸ ਪਾਵਨ ਸ਼ਬਦ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜਿਵੇਂ ਹਾਥੀ ਅਤੇ ਚਿੜੀ ਦੀ ਸ਼ਕਤੀ ਦਾ ਫ਼ਰਕ ਹੈ, ਜਿਵੇਂ ਜੰਗਲ ਦੇ ਬਾਦਸ਼ਾਹ ਸ਼ੇਰ ਅਤੇ ਅੱਕ-ਟਿੱਡੇ ਦਾ ਫ਼ਰਕ ਹੈ, ਏਵੇਂ ਹੀ ਵੱਡੀ ਤੋਂ ਵੱਡੀ ਸਰੀਰਕ ਸ਼ਕਤੀ ਵਾਲੇ ਵੱਡੇ ਤੋਂ ਵੱਡੇ ਧਨਵਾਨ, ਸ਼ਾਹ ਬਾਦਸ਼ਾਹ ਜੇ ਪ੍ਰਭੂ ਨੂੰ ਵਿਸਾਰ ਕੇ ਹੰਕਾਰੀ ਅਤੇ ਵਿਕਾਰੀ ਬਣ ਚੁੱਕੇ ਹਨ ਤਾਂ ਉਹ ਉਸ ਗਰੀਬੜੇ ਅਤੇ ਕਮਜ਼ੋਰ ਸਰੀਰ ਵਾਲੇ ਮਨੁੱਖ ਦੇ ਬਰਾਬਰ ਦੇ ਨਹੀਂ ਸਮਝੇ ਜਾ ਸਕਦੇ ਜਿਸ ਦੇ ਹਿਰਦੇ ਵਿੱਚ ਪ੍ਰਭੂ ਦੀ ਯਾਦ ਟਿਕੀ ਹੋਈ ਹੈ। ਜਪੁਜੀ ਸਾਹਿਬ ਦੀ ੨੩ਵੀਂ ਪਉੜੀ ਵਿੱਚ ਵੀ ਅਜਿਹੇ ਹੀ ਗਿਆਨ ਦੀ ਬਖਸ਼ਿਸ਼ ਹੋਈ ਹੈ:

- ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ (੫)

ਭਾਵ ਸਮੁੰਦਰਾਂ ਦੇ ਪਾਤਸ਼ਾਹ ਤੇ ਸੁਲਤਾਨ ਜਿੰਨ੍ਹਾਂ ਦੇ ਖਜ਼ਾਨਿਆਂ ਵਿੱਚ ਪਹਾੜ ਜਿਡੇ ਧਨ ਪਦਾਰਥਾਂ ਦੇ ਢੇਰ ਹੋਣ, ਪ੍ਰਭੂ ਦੀ ਸਿਫ਼ਤ ਸਾਲਾਹ ਕਰਨ ਵਾਲੇ ਦੀਆਂ ਨਜ਼ਰਾਂ ਵਿੱਚ ਇੱਕ ਕੀੜੀ ਦੇ ਵੀ ਬਰਾਬਰ ਨਹੀਂ ਹੁੰਦੇ, ਜੇ ਹੇ ਅਕਾਲ ਪੁਰਖ! ਉਸ ਕੀੜੀ ਦੇ ਮਨ ਵਿੱਚੋਂ ਤੂੰ ਨਾ ਵਿਸਰ ਜਾਏਂ।

ਭੁਲੇਖੇ ਵਿੱਚ ਨਹੀਂ ਪੈਣਾ

ਅਜਿਹੇ ਗੁਰੂ ਸ਼ਬਦਾਂ ਤੋਂ ਇਹ ਵਿਚਾਰ ਬਣਾ ਲੈਣੀ ਗਲਤ ਹੈ ਕਿ ਹਾਥੀ ਅਤੇ ਸ਼ੇਰ ਪ੍ਰਮਾਤਮਾ ਨੂੰ ਵਿਸਾਰ ਕੇ ਹੰਕਾਰੀ ਹੋ ਜਾਂਦੇ ਹਨ ਅਤੇ ਚਿੜੀ ਜਾਂ ਅੱਕ ਦਾ ਟਿੱਡਾ ਜਾਂ ਕੀੜੀ ਪ੍ਰਭੂ ਦੇ ਨਾਮ ਦਾ ਸਿਮਰਨ ਕਰ ਸਕਦੇ ਹਨ। ਅਜਿਹਾ ਵਿਸ਼ਵਾਸ ਬਿਪਰੀ ਮੱਤਿ ਹੀ ਹੈ। ਗੁਰਮਤਿ ਅਨੁਸਾਰ ਪਸ਼ੂ ਅਤੇ ਪੰਛੀਆਂ ਜਾਂ ਕੀੜੇ ਮਕੌੜਿਆਂ ਨੂੰ ਬ੍ਰਹਮ ਬਾਰੇ ਨਾ ਕੋਈ ਗਿਆਨ ਹੁੰਦਾ ਹੈ ਅਤੇ ਨਾ ਹੀ ਉਹ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਹੀ ਕਰ ਸਕਦੇ ਹਨ। ਪ੍ਰਮਾਤਮਾ ਦੀ ਹੋਂਦ ਦੀ ਸੋਝੀ ਕੇਵਲ ਮਨੁੱਖ ਨੂੰ ਹੀ ਆ ਸਕੀ ਹੈ। ਕੇਵਲ ਮਨੁੱਖਾ ਸਰੀਰ ਨੂੰ ਹੀ ਪ੍ਰਭੂ ਨਾਲ ਅਭੇਦ ਹੋ ਸਕਣ ਦਾ ਸਮਾਂ ਹੈ:

– ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (੧੨)

ਚੌਰਾਸੀ ਲੱਖ ਜੂਨ ਵਿੱਚੋਂ ਕੇਵਲ ਮਨੁੱਖ ਦੇਹ ਨੂੰ ਹੀ ਪ੍ਰਭੂ ਮਿਲਾਪ ਦਾ ਅਵਸਰ ਹੈ:

– ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥
ਸਾਧਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥
ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥
ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥ (੧੭੬)

– ਅਸਥਾਵਰ ਜੰਗਮ ਕੀਟ ਪਤੰਗਾ॥ ਅਨਿਕ ਜਨਮ ਕੀਏ ਬਹੁ ਰੰਗਾ॥ (੩੨੫)

ਛੇ ਤਰ੍ਹਾਂ ਦੇ ਹੀ ਜਾਨਵਰਾਂ ਦੇ ਜ਼ਿਕਰ ਤੋਂ ਸਤਿਗੁਰਾਂ ਨੇ ਹਰੀ ਦੇ ਭਗਤ ਅਤੇ ਸਾਕਤ ਵਿਚਲੀ ਅਜੋੜਤਾ ਸਮਝਾਈ ਹੈ:

– ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ॥ ਓਹੁ ਬਿਖਈ ਓਸੁ ਰਾਮ ਕੋ ਰੰਗੁ॥ਰਹਾਉ॥
ਮਨ ਅਸਵਾਰ ਜੈਸੇ ਤੁਰੀ ਸੀਗਾਰੀ॥ ਜਿਉ ਕਾਪੁਰਖੁ ਪੁਚਾਰੈ ਨਾਰੀ॥
ਬੈਲ ਕਉ ਨੇੜਾ ਪਾਇ ਦੁਹਾਵੈ॥ ਗਊ ਚਰਿ ਸਿੰਘ ਪਾਛੈ ਪਾਵੈ॥
ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥
ਨਾਨਕ ਰਾਮ ਨਾਮੁ ਜਪਿ ਚੀਤ॥ ਸਿਮਰਿ ਸੁਆਮੀ ਹਰਿ ਸਾ ਮੀਤ॥ (੧੯੮)

– ਗਊ ਕਉ ਚਾਰੇ ਸਾਰਦੂਲੁ॥ ਕਉਡੀ ਕਾ ਲਖ ਹੂਆ ਮੂਲੁ॥
ਬਕਰੀ ਕਉ ਹਸਤੀ ਪ੍ਰਤਿਪਾਲੇ॥ ਅਪਨਾ ਪ੍ਰਭੁ ਨਦਰਿ ਨਿਹਾਲੇ॥
ਕ੍ਰਿਪਾ ਨਿਧਾਨ ਪ੍ਰੀਤਮ ਪ੍ਰਭ ਮੇਰੇ॥ ਬਰਨਿ ਨ ਸਾਕਉ ਬਹੁ ਗੁਨ ਤੇਰੇ॥ਰਹਾਉ॥
ਦੀਸਤ ਮਾਸੁ ਨ ਖਾਇ ਬਿਲਾਈ॥ ਮਹਾ ਕਸਾਬਿ ਛੁਰੀ ਸਟਿ ਪਾਈ॥
ਕਰਣਹਾਰ ਪ੍ਰਭੁ ਹਿਰਦੈ ਵੂਠਾ॥ ਫਾਥੀ ਮਛੁਲੀ ਕਾ ਜਾਲਾ ਤੂਟਾ॥

ਸੂਕੇ ਕਾਸਟ ਹਰੇ ਚਲੂਲ॥ ਊਚੈ ਥਲਿ ਫੂਲੇ ਕਮਲ ਅਨੂਪ॥
ਅਗਨਿ ਨਿਵਾਰੀ ਸਤਿਗੁਰ ਦੇਵ॥ ਸੇਵਕੁ ਅਪਨੀ ਲਾਇਓ ਸੇਵ॥ (੯੯੮)

ਪਸ਼ੂ ਪੰਛੀਆਂ ਦੇ ਜ਼ਿਕਰ ਨਾਲ ਬਖ਼ਸ਼ਿਆ ਗਿਆਨ:

- ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥ਰਹਾਉ॥
ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ॥
ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ॥
ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ॥
ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ॥
ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ॥ (੩੮੧)

- ਮਨ ਗੁਰਮਤਿ ਚਾਲ ਚਲਾਵੈਗੋ॥
ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥ਰਹਾਉ॥
ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ॥
ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ॥
ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ॥
ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ॥
ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ॥
ਸਤੁ ਸੰਤੋਖੁ ਧਰਮੁ ਆਨਿ ਰਾਖੈ ਹਰਿ ਨਗਰੀ ਹਰਿ ਗੁਨ ਗਾਵੈਗੋ॥ (੧੩੧੦)

- ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ (੭੦੮)

ੳ, ਅ ਅੱਖਰਾਂ ਅਨੁਸਾਰ ਜੀਵਾਂ ਦੇ ਜ਼ਿਕਰ ਵਾਲੇ ਸ਼ਬਦਾਂ ਦੀ ਸੂਚੀ

- ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ॥ ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ॥ (੧੨੨੪)

- ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ॥ ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ॥(੭੧੮)

- ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ॥ ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ॥(੨੩੪)

<u>ਅੱਕ ਟਿੱਡਾ, ਅਖਲੀ</u>

- ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥

ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥ (੧੨੮੬)

- ਅਖਲੀ ਊਂਡੀ ਜਲੁ ਭਰ ਨਾਲਿ॥ ਡੂਗਰੁ ਊਚਉ ਗੜੁ ਪਾਤਾਲਿ॥
ਸਾਗਰੁ ਸੀਤਲੁ ਗੁਰ ਸਬਦ ਵੀਚਾਰਿ॥ ਮਾਰਗੁ ਮੁਕਤਾ ਹਉਮੈ ਮਾਰਿ॥ (੧੨੭੪)

- ਮਰਣ ਮੁਕਤਿ ਗਤਿ ਸਾਰ ਨ ਜਾਨੈ॥ ਕੰਠੇ ਬੈਠੀ ਗੁਰ ਸਬਦਿ ਪਛਾਨੈ॥
ਤੂ ਕੈਸੇ ਆੜਿ ਫਾਥੀ ਜਾਲਿ॥ ਅਲਖੁ ਨ ਜਾਚਹਿ ਰਿਦੈ ਸਮ੍ਹਾਲਿ॥ਰਹਾਉ॥ (੧੨੭੫)

<u>ਇੱਲ</u>

- ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥ ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥(੩੨੨)

<u>ਸੱਪ, ਸਰਪ, ਸਾਪ, ਸਾਪਨ, ਬਿਸੀਅਰ, ਭੁਇਅੰਗਾ, ਭੁਇਅੰਗਮ, ਕਾਲੀ, ਨਾਗ, ਬਿਆਲ:</u>

- ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥ ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥
ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ॥ (੫੯੮)

- ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ (੭੧੨)

- ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ॥ (੯੪੨)

- ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ॥
ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ॥ (੧੭੧)

- ਦੂਤਨ ਸੰਗਰੀਆ॥ ਭੁਇਅੰਗਨਿ ਬਸਰੀਆ॥ ਅਨਿਕ ਉਪਰੀਆ॥ (੫੩੭)

- ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥ (੬੫੮)

- ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ (੧੨੭੯)

- ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ॥
ਕਿਸੁ ਤੂੰ ਪੁਰਖੁ ਜੋਰੁ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ॥ (੩੫੦)

ਕਾਲੀ ਨਾਗ ਕੇਵਲ ਬ੍ਰਾਹਮਣ ਦੀ ਕਲਪਨਾ ਦੀ ਉਪਜ ਹੈ। ਕ੍ਰਿਸ਼ਨ ਦੀ ਮਹਿਮਾ ਵਧਾਉਣ ਦੇ ਸੰਬੰਧ ਵਿਚ ਇਸ ਫਰਜ਼ੀ ਨਾਗ ਨੂੰ ਪੈਦਾ ਕੀਤਾ ਗਿਆ ਸੀ। ਕ੍ਰਿਸ਼ਨ ਜੀ ਨੂੰ ਸਿਰਜਣਹਾਰ ਵਾਹਿਗੁਰੂ ਅਥਵਾ ਸਰਬ ਸ਼ਕਤੀਮਾਨ ਰੱਬ ਕਹਿ ਕੇ ਉਸਦੀ ਸ਼ਕਤੀ ਦਾ ਮੌਜੂ ਇਹ ਕਹਿ ਕੇ ਉਡਾਇਆ ਜਾ ਰਿਹਾ ਹੈ ਕਿ ਉਸਨੇ ਇੱਕ ਨਾਗ ਨੂੰ ਨੱਥ ਲਿਆ ਸੀ। ਸੱਪਾਂ ਦੇ ਮਦਾਰੀ ਵੱਡੇ ਤੋਂ ਵੱਡੇ ਜ਼ਹਿਰੀ ਨਾਗਾਂ ਨੂੰ ਨਿਰਾ ਪਟਾਰੀ ਵਿੱਚ ਹੀ ਨਹੀਂ ਪਾਈ ਫਿਰਦੇ, ਸਗੋਂ ਉਨ੍ਹਾਂ ਨੂੰ ਘਰ-ਘਰ ਨਚਾ ਕੇ ਪੈਸੇ ਉਗਰਾਹ ਰਹੇ ਹੁੰਦੇ ਹਨ। ਰੱਬ ਤਾਂ ਅਜਿਹਾ ਪਰਮ ਨਾਥ ਹੈ ਜਿਸਨੇ ਸਾਰੀ ਸ੍ਰਿਸ਼ਟੀ ਦਾ ਕਣ-ਕਣ ਆਪਣੇ ਵਜੂਦ ਵਿੱਚ ਨੱਥਿਆ ਹੋਇਆ ਹੈ, **"ਆਪਿ ਨਾਥੁ ਨਾਥੀ ਸਭ ਜਾ ਕੀ"**॥ ਕਾਲੀ ਨਾਗ ਨੂੰ ਨੱਥਣ ਵਾਲੀ ਗੱਲ ਸਰਬ ਸ਼ਕਤੀਮਾਨ ਭਗਵਾਨ ਨਾਲ ਜੋੜਨੀ ਪ੍ਰਮਾਤਮਾ ਦੀ ਵਡਿਆਈ ਨਹੀਂ ਹੈ ਸਗੋਂ ਉਸਦੀ ਨਿਰਾਦਰੀ ਹੈ। ਏਹੀ ਗੱਲ ਸਤਿਗੁਰਾਂ ਨੇ ਉਪ੍ਰੋਕਤ ਪਾਵਨ ਸ਼ਬਦ ਵਿੱਚ ਸਮਝਾਈ ਹੈ।

<u>ਬਿਆਲ (ਸੱਪ)</u>

- ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥ ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥
  ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥ ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ॥ (੬੩੧)

ਸਵੇਰ ਦੇ ਸਮੇਂ ਨੂੰ ਵੀ ਬਿਆਲ ਲਿਖਿਆ ਹੈ:

- ਜਾਹਿ ਸਵਾਰੈ ਸਾਝ ਬਿਆਲ॥ ਇਤ ਉਤ ਮਨਮੁਖ ਬਾਧੇ ਕਾਲ॥ (੧੫੪)

<u>ਸਹਸ ਫਨੀ, ਸ਼ੇਖਨਾਗ ਅਥਵਾ ਸ਼ੇਸ਼ਨਾਗ</u>

ਸੱਪ ਨੂੰ ਦਿੱਤੇ ਇਹ ਨਾਮ ਬਿਪਰ ਦੇ ਦਿਮਾਗ ਦੀ ਉਪਜ ਹਨ। ਜੋ ਕੇਵਲ ਪੁਰਾਣਿਕ ਗ੍ਰੰਥਾਂ ਦੁਆਰਾ ਪ੍ਰਗਟ ਹੋ ਕੇ ਹਿੰਦੂਆਂ ਲਈ ਪੂਜਨੀਕ ਅਤੇ ਵਰ ਸਰਾਪਾਂ ਦੀ ਅਧਾਰ ਸ਼ਕਤੀ ਦੇ ਮਾਲਕ ਬਣ ਚੁੱਕੇ ਹਨ। ਪੁਰਾਣਾਂ ਵਿੱਚ ਕਥਾ ਹੈ ਕਿ ਇਸ ਨਾਗ ਦੇ ਇੱਕ ਹਜ਼ਾਰ ਸਿਰ ਹਨ ਜੋ ਵਿਸ਼ਨੂੰ ਦੇ ਸਿਰ ਤੇ ਛਤਰ ਦਾ ਕੰਮ ਦਿੰਦੇ ਹਨ। ਇਸ ਨਾਗ ਬਾਰੇ ਇਹ ਵੀ ਪ੍ਰਚਲਿਤ ਹੈ ਕਿ ਉਹ ਵਿਸ਼ਨੂੰ ਦਾ ਰੋਜ਼ ਨਵਾਂ ਨਾਮ ਜਪਦਾ ਹੈ। ਪੁਰਾਣਾਂ ਵਿੱਚ ਇਹ ਵੀ ਲਿਖਿਆ ਹੈ ਕਿ ਸਤ ਪਤਾਲ ਇਸਦੇ ਉੱਤੇ ਹਨ। ਬਿਪਰ ਦਾ ਕਹਿਣਾ ਹੈ ਕਿ ਧਰਤੀ ਨੂੰ ਇਸ ਨਾਗ ਨੇ ਆਪਣੇ ਸਿਰ ਤੇ ਧਾਰਨ ਕੀਤਾ ਹੋਇਆ ਹੈ ਇਸ ਲਈ ਹਿੰਦੂ ਵੀਰ ਇਸ ਨੂੰ ਧਾਰਨਹਾਰ ਅਤੇ ਵਿਸ਼ਨੂੰ ਨੂੰ ਤਾਰਨਹਾਰ ਕਹਿੰਦੇ ਹਨ। ਇਛਾਧਾਰੀ ਝੂਠੇ ਸੱਪਾਂ ਨਾਲ ਸਿੱਖ ਦਾ ਕੋਈ ਵਾਸਤਾ ਨਹੀਂ ਹੋਣਾ ਚਾਹੀਦਾ, ਅਜਿਹੇ ਕਿਸੇ ਨਾਗ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ ਹੈ। ਇਸ ਨਾਗ ਦੀ ਅਸਲੀਅਤ ਸਿਵਾਏ ਭਰਮ ਦੇ ਹੋਰ ਕੁਝ ਨਹੀਂ ਹੈ।

- ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ॥
  ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ॥ (੧੩੨੨)

- ਸਨਕ ਸਨੰਦ ਮਹੇਸ ਸਮਾਨਾਂ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ॥ (੬੯੧)

- ਏਕ ਜੀਹ ਗੁਣ ਕਵਨ ਬਖਾਨੈ॥ ਸਹਸ ਫਨੀ ਸੇਖ ਅੰਤੁ ਨ ਜਾਨੈ॥
  ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥ (੧੦੮੩)

- ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ॥
  ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ॥ (੧੩੦੯)

- ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ॥
  ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ॥ (੧੩੨੬)

- ਪਵਨ ਕੋਟਿ ਚਉਬਾਰੇ ਫਿਰਹਿ॥ ਬਾਸਕ ਕੋਟਿ ਸੇਜ ਬਿਸਥਰਹਿ॥
  ਸਮੁੰਦ ਕੋਟਿ ਜਾ ਕੇ ਪਾਨੀਹਾਰ॥ ਰੋਮਾਵਲਿ ਕੋਟਿ ਅਠਾਰਹ ਭਾਰ॥ (੧੧੬੩)

<u>ਸ਼ੇਰ, ਸ਼ੀਂਹ ਜਾਂ ਸਿੰਘ, ਕੇਹਰ</u>

- ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥ (੫੧੮)

- ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
  ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥ (੩੬੦)

- ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥

ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥ (੮੦੯)

– ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥ ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥(੧੩੫੭)

<u>ਸੀਚਾਨ (ਸ਼ਿਕਾਰੀ ਪਰਿੰਦਾ)</u>

– ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ॥
ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ॥ (੫੫)

<u>ਸੂਕਰ (ਸੂਰ), ਬਰਾਹ</u>

– ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ॥
ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ॥ (੪੯੩)

– ਹਰਿ ਕੈ ਭਜਨਿ ਕਉਨ ਕਉਨ ਨ ਤਾਰੇ॥
ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ॥ (੧੨੬੯)

<u>ਗਜ, ਹਸਤੀ, ਹਾਥੀ, ਹਸਤ, ਹਸਤੀ, ਮੈਗਲ, ਸਕੁੰਚਰ, ਨਾਗ, ਸਾਰੰਗ ਅਥਵਾ ਫ਼ਲਿ</u>

– ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥
ਦੁਹਸਾਸਨ ਕੀ ਸਭਾ ਦ੍ਰੌਪਤੀ ਅੰਬਰ ਲੇਤ ਉਬਾਰੀਅਲੇ॥ (੯੮੮)

– ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ॥ (੩੩੬)

– ਤਾਜੀ ਰਥ ਤੁਖਾਰ ਹਾਥੀ ਪਾਖਰੇ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥ ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ (੧੪੧)

– ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥ (੧੩੬੭)

– ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ॥ ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ॥ (੩੬੭)

– ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ॥ ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ॥ (੩੮੫)

– ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥
ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥ (੬੩੨)

– ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ (੧੪੨੯)

– ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥
ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥
ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥
ਬਿਚਰਤੇ ਨਿਰਭਯੰ ਸਤ੍ਰ ਸੈਨਾ ਧਾਯੰਤੇ ਗੋਪਾਲ ਕੀਰਤਨਹ॥
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ॥ (੧੩੫੬)

– ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ ਕੁਹਕਨਿ ਕੋਕਿਲਾ ਤਰਲ ਜੁਆਣੀ॥
ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ॥
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥
ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥
ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ (੫੬੭)

– ਫੀਲੁ ਰਬਾਬੀ ਬਲਦੁ ਪਖਾਵਜ ਕਉਆ ਤਾਲ ਬਜਾਵੈ॥
ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥ (੪੭੭)

<u>ਸਿਆਲ (ਗਿੱਦੜ)</u>

– ਜਾ ਕੈ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ॥
ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ॥ (੧੦੦੦)

<u>ਹਰਨ, ਕੁਰੰਕ, ਮਿਰਗ</u>

– ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥ (੪੩੮)

– ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥ ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ॥ (੧੩੬੭)

– ਕੁਰੰਕ ਨਾਦੈ ਨੇਹੁ॥ ਚਾਤ੍ਰਿਕੁ ਚਾਹਤ ਮੇਹੁ॥ ਜਨ ਜੀਵਨਾ ਸਤਸੰਗਿ॥ ਗੋਬਿਦੁ ਭਜਨਾ ਰੰਗਿ॥
ਰਸਨਾ ਬਖਾਨੈ ਨਾਮੁ॥ ਨਾਨਕ ਦਰਸਨ ਦਾਨੁ॥ (੮੩੮)

– ਨਾਦ ਕ੍ਰਮੇ ਜੈਸੇ ਮਿਰਗਾਏ॥ ਪ੍ਰਾਨ ਤਜੇ ਵਾ ਕੋ ਧਿਆਨੁ ਨ ਜਾਏ॥ (੮੭੩)

– ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ (੧੨੬੫)

<u>ਹੰਸ</u>

– ਹੰਸਾ ਸਰਵਰੁ ਕਾਲੁ ਸਰੀਰ॥ ਰਾਮ ਰਸਾਇਨ ਪੀਉ ਰੇ ਕਬੀਰ॥ (੩੨੫)

ਜੀਵ ਆਤਮਾ ਨੂੰ ਵੀ ਹੰਸ ਕਿਹਾ ਹੈ:

– ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ॥
ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ॥ (੬੫੪)

ਹੰਸ ਪਦ ਹੋਰ ਵੀ ਕਈ ਗੁਰੂ ਸ਼ਬਦਾਂ ਵਿੱਚ ਆਇਆ ਹੈ:

<u>ਗੁਰਮੁਖ ਹੰਸ</u>

– ਏਕੋ ਸਰਵਰੁ ਕਮਲ ਅਨੂਪ॥ ਸਦਾ ਬਿਗਾਸੈ ਪਰਮਲ ਰੂਪ॥
ਊਜਲ ਮੋਤੀ ਚੂਗਹਿ ਹੰਸ॥ ਸਰਬ ਕਲਾ ਜਗਦੀਸੈ ਅੰਸ॥ (੩੫੨)

– ਹਰਿ ਕੀ ਕਥਾ ਅਨਾਹਦ ਬਾਨੀ॥ ਹੰਸੁ ਹੁਇ ਹੀਰਾ ਲੇਇ ਪਛਾਨੀ॥ (੪੮੩)

– ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ॥
ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ॥ (੫੦੮)

<u>ਕੁੱਤਾ ਕੁਕਰ, ਕੁਕਰੀ–ਕਉਆ, ਕਾਉ, ਕਾਗ, ਕਾਕ–ਕੁੰਜ ਉਡੈ – ਕੋਇਲ ਕੋਕਿਲ</u>

– ਸੁਣਿ ਮਨ ਅੰਧੇ ਕੁਤੇ ਕੂੜਿਆਰ॥ ਬਿਨੁ ਬੋਲੇ ਬੂਝੀਐ ਸਚਿਆਰ॥ (੬੬੨)

– ਤੀਨਿ ਸੰਝਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ॥
ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ॥ (੬੦੯)

– ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥
ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥ (੫੩੬)

– ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ॥
ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ॥ (੫੦੨)

– ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ (੩੩੨)

– ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥ (੫੨੨)

– ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥ ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥
ਓਨਾ ਰਿਜਕੁ ਨ ਪਇਓ ਓਥੈ ਓਨ੍ਹਾ ਹੋਰੋ ਖਾਣਾ॥ ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ॥ (੯੫੬)

– ਜਿਹ ਸਿਰਿ ਰਚਿ ਰਚਿ ਬਾਧਤ ਪਾਗ॥ ਸੋ ਸਿਰੁ ਚੁੰਚ ਸਵਾਰਹਿ ਕਾਗ॥ (੩੩੦)

– ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ॥
ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ॥
ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ॥
ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ॥ (੯੪੯)

– ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ॥ ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥ (੩੪)

– ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥
ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥ (੭੬੨)

ਕੂੰਜ ਪੰਛੀ ਲਈ ਕੂੰਜ ਪਦ ਦੇ ਥਾਂ ਗੁਰਬਾਣੀ ਵਿੱਚ ਉਡੈ ਉਡ ਅਤੇ ਬੱਗੇ ਕੱਪੜੇ ਵਾਲੀ ਵੀ ਲਿਖਿਆ ਮਿਲਦਾ ਹੈ:

– ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥ (੧੦)

ਏਥੇ **"ਮਨ ਮਹਿ ਸਿਮਰਨੁ ਕਰਿਆ"** ਤੋਂ ਪ੍ਰਮਾਤਮਾ ਦੀ ਯਾਦ ਸਮਝਣਾ ਗਲਤ ਹੈ। ਪ੍ਰਮਾਤਮਾ ਦੀ ਸੋਝੀ ਕਰਾਕੇ ਉਸ ਦੀ ਯਾਦ ਨਾਲ ਜੋੜਨ ਲਈ ਖੁਦਾ ਦਾ ਬੇਟਾ ਅਖਵਾਉਣ ਵਾਲੇ ਹਜ਼ਰਤ ਸਮੇਤ ਅੱਲ੍ਹਾ ਦੇ ਪੈਗੰਬਰ, ਪੀਰ-ਫ਼ਕੀਰ, ਸਾਧ-ਸੰਤ, ਰੱਬੀ ਗੁਣਾਂ ਭਰਪੂਰ ਅਨੇਕਾਂ ਮਹਾਂਪੁਰਖ ਸੰਸਾਰ ਵਿੱਚ ਹੋ ਗੁਜਰਦੇ ਹਨ ਪਰ ਉਸ ਅਪਾਰ ਅਤੇ ਅਗੰਮ ਪ੍ਰਭੂ ਦੀ ਸੋਝੀ ਸਰਬ ਜੂਨਾਂ ਦੇ ਸਰਦਾਰ ਮਨੁੱਖਾਂ ਵਿੱਚੋਂ ਵੀ ਕਿਸੇ ਵਿਰਲੇ ਨੂੰ ਹੀ ਆਈ ਹੈ। ਸਗੋਂ ਸੰਸਾਰ ਦੇ ਕਈ ਦੇਸ਼ ਉਂਜ ਹੀ ਨਾਸਤਕ ਹਨ। ਪਸ਼ੂ ਪੰਛੀਆਂ ਨੂੰ ਬ੍ਰਹਮ ਦੀ ਵਿਚਾਰ ਕਿੱਥੋਂ ਆ ਸਕਦੀ ਹੈ। ਸਤਿਗੁਰਾਂ ਨੇ ਵੀ ਕੂੰਜ ਬਾਰੇ ਪਿੱਛੇ ਛੱਡ ਆਈ ਆਪਣੇ ਨਿੱਕੇ-ਨਿੱਕੇ ਬੱਚਿਆਂ ਦੀ ਯਾਦ ਦੀ ਗੱਲ ਕਹੀ ਹੈ। ਅਗਲੇ ਫੁਰਮਾਨ ਵਿੱਚ ਸਪੱਸ਼ਟ ਕਰ ਦਿੱਤਾ ਹੈ, ਜਿਵੇਂ ਚਿੱਟੇ:

- ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ॥ (੧੬੮)

- ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥(੧੨੩)

ਮਨ ਦੀ ਪਕੜ ਮਾਇਆ ਨਾਲ ਉਵੇਂ ਹੀ ਦਰਸਾਈ ਹੈ ਜਿਵੇਂ ਕੂੰਜ ਦੇ ਅੰਦਰ ਆਪਣੇ ਬੱਚਿਆਂ ਦੀ ਯਾਦ ਟਿਕੀ ਹੋਈ ਹੁੰਦੀ ਹੈ। ਇਹ ਕਹਿਣਾ ਗਲਤ ਹੈ ਕਿ ਕੂੰਜ ਪ੍ਰਭੂ ਦਾ ਸਿਮਰਨ ਕਰਦੀ ਹੈ ਜਿਸ ਕਾਰਨ ਉਸਦੇ ਬੱਚੇ ਮਰਨੋਂ ਬਚੇ ਰਹਿੰਦੇ ਹਨ।

- ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ॥ (੭੯੪)

- ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥
ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ॥ (੪੫੫)

- ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥ (੧੫੭)

<u>ਕੀਰੇ, ਕਿਰਮ, ਕੀੜੀ, ਕੀਰੀ, ਕੀੜਾ, ਚੀਟੀ</u>

- ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥ (੪੯੨)

- ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ॥
ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ॥ (੪੦੫)

- ਤੇਰਾ ਕੀਆ ਕਿਰਮ ਜੰਤੁ॥ ਦੇਇ ਤ ਜਾਪੀ ਆਦਿ ਮੰਤੁ॥ (੧੧੭੬)

ਇੰਨ੍ਹਾਂ ਗੁਰੂ ਫੁਰਮਾਨਾਂ ਵਿੱਚ ਕਿਰਮ ਤੋਂ ਭਾਵ ਮਾਮੂਲੀ ਕੀੜੇ ਵਰਗਾ ਨਾਚੀਜ ਬੰਦਾ ਨਿਮਾਣਾ ਸੇਵਕ ਤੁੱਛ ਜੀਵ ਹੈ ਪਰ ਅਗਲੇ ਗੁਰੂ ਵਾਕ ਵਿਚਲੇ ਕਿਰਮ ਦਾ ਅਰਥ ਮੁਰਦਾ ਲਾਸ਼ ਨੂੰ ਖਾ ਰਹੇ ਕੀੜਿਆਂ ਦਾ ਦਲ ਹੈ।

- ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ॥
ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ॥ (੬੫੪)

ਪ੍ਰਮਾਤਮਾ ਦੀ ਯਾਦ ਨਾਲ ਜੁੜਿਆ ਕੀੜਾ (ਤੁਛ ਜੀਵ) ਵੱਡੇ ਤੋਂ ਵੱਡੇ ਧਨਾਢ ਮਹਾਰਾਜੇ ਨਾਲੋਂ ਵੀ ਉੱਚਾ ਹੈ। ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ:

– ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ॥ (੧੩੫੯)

ਹੇ ਕੀੜੀ! (ਹੇ ਨਿਮਾਣੀ ਕਮਜ਼ੋਰ ਜੀਵ ਇਸਤਰੀ) ਜੇ ਗੋਬਿੰਦ ਦਾ ਸਿਮਰਨ ਤੇਰਾ ਧਨ ਹੈ, ਤਾਂ ਤੂੰ ਨਿੱਕੀ ਜਿਹੀ ਹੁੰਦਿਆਂ ਵੀ ਵੱਡੀ ਭਾਰੀ ਹੈਂ ਤੇਰੇ ਮੁਕਾਬਲੇ ਤੇ ਵੱਡੇ ਤੋਂ ਵੱਡਾ ਬਲਵਾਨ ਮਨੁੱਖ ਤੀਲੇ ਸਮਾਨ ਹੈ:

– ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥ (੫)

– ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥ (੨੮੫)

– ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥ (੪੭੨)

– ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥ (੯੭੨)

– ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥
ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ॥
ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ॥
ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ॥
ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ॥ (੩੧੯)

– ਖਿਨ ਮਹਿ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥ (੨੭੭)

– ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ (੧੬੭)

<u>ਖਰ, ਖੋਤ (ਖੋਤਾ), ਗਧਾ, ਗਰਧਭ, ਖਗ – (ਪੰਛੀ) ਗਰੁੜ:</u>

– ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥ (੮੭੪)

– ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥
ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ॥ (੧੧੨੧)

– ਹਰੀ ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥ (੩੨੬)

– ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ॥ (੬੭੩)

– ਹਰਿ ਕੈ ਭਜਨਿ ਕਉਨ ਕਉਨ ਨ ਤਾਰੇ॥
ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ॥ (੧੨੬੯)

<u>ਗਾਈਂ, ਗਉ, ਗਾਇ, ਧੇਨ, ਸੁਰਹ</u>

- ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ॥(੨੨੯)

- ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥(੪੭੧)

- ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ੍ ਫੁਰਮਾਈ ਗਾਇ॥ (੧੩੭੫)

- ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥ (੧੩੩)

- ਸੁਰਹ ਕੀ ਜੈਸੀ ਤੇਰੀ ਚਾਲ॥ ਤੇਰੀ ਪੂੰਛਟ ਊਪਰਿ ਝਮਕ ਬਾਲ॥ (੧੧੯੬)

- ਪਾਖੰਤਣ ਬਾਜ ਬਜਾਇਲਾ॥ ਗਰੁੜ ਚੜੇ੍ ਗੋਬਿੰਦ ਆਇਲਾ॥ (੧੧੬੬)

- ਹਨੂਮਾਨ ਸਰਿ ਗਰੁੜ ਸਮਾਨਾਂ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥ (੬੯੧)

<u>ਘੋੜਾ, ਅਸ, ਅਸਵ, ਹੈ, ਹੈਵਰ, ਤੁਰੀ, ਤੁਰੇ, ਤਾਜੀ, ਤੁਰੰਗ, ਘੀਸ</u>

- ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ॥ ਪ੍ਰੀਤਿ ਲਗੀ ਹਰਿ ਨਾਮ ਸਿਉ ਏ ਹਸਤੀ ਘੋੜੇ॥
ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ॥ ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥
ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥ (੩੨੩)

- ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥ (੧੭੯)

- ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ॥
ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ॥ (੭੦੦)

- ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ॥
ਇਆ ਸੁਖ ਤੇ ਭਿਖ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ॥ (੧੩੭੦)

- ਸੁਇਨਾ ਰੂਪਾ ਫੁਨਿ ਨਹੀ ਦਾਮ॥ ਹੈਵਰ ਗੈਵਰ ਆਪਨ ਨਹੀ ਕਾਮ॥ (੧੮੭)

- ਨਾਨਕ ਅੰਤ ਨ ਜਾਪਨ੍ੀ ਹਰਿ ਤਾ ਕੇ ਪਾਰਾਵਾਰ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ॥
ਇਕਨ੍ਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ॥
ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ॥
ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ॥ (੪੭੫)

- ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥ (੬੪੮)

- ਤਾਜੀ ਰਥ ਤੁਖਾਰ ਹਾਥੀ ਪਾਖਰੇ॥ ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥ (੧੪੧)

- ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥ (੧੧੬੪)

<u>ਚਾਤ੍ਰਿਕ, ਬਬੀਹਾ, ਸਾਰਿੰਗ, ਚਕਵੀ, ਚਕੋਰ, ਚਿੜੀ, ਚੁਹਾ (ਮੂਸਾ)</u>

– ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰ ਸੁਖਦਾਤਾ॥
ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ॥
ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ॥
ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ॥ (੫੬੪)

– ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ॥
ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ॥ (੬੬੮)

– ਚਾਤ੍ਰਿਕ ਚਿਤਵਤ ਬਰਸਤ ਮੇਂਹ॥ ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ॥ (੭੦੨)

– ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ॥
ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ॥
ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ॥
ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ॥
ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ॥ (੧੨੮੧)

– ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੁ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥ (੧੩)

– ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ॥ ਮਿਲੈ ਪਿਆਰੇ ਸਭ ਦੁਖ ਤਿਆਗੈ॥
ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ॥ (੧੬੪)

– ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥ (੬੫੮)

– ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥ (੩੧੯)

– ਅਨਦਿਨੁ ਮੂਸਾ ਲਾਜੁ ਟੁਕਾਈ॥ ਗਿਰਤ ਕੂਪ ਮਹਿ ਖਾਹਿ ਮਿਠਾਈ॥ (੩੯੦)

<u>ਜੋਕ ਅਤੇ ਜੁੰਅ</u>

– ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥
ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ॥ (੧੨੫੩)

– ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ॥ (੩੦੬)

<u>ਡੱਡੂ, ਮੇਂਡਕ ਅਥਵਾ ਦਾਦਰ</u>

– ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ (੪੮੪)

– ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ॥ (੩੨੪)

<u>ਤੋਤਾ, ਮੈਜਨ, ਸੁਆ, ਸੁਅਟਾ, ਤਦੁਆ</u>

– ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥ (੭੨੯)

– ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ॥ (੪੦੭)

– ਤੂੰ ਪਿੰਜਰੁ ਹਉ ਸੂਅਟਾ ਤੋਰ॥ ਜਮੁ ਮੰਜਾਰੁ ਕਹਾ ਕਰੈ ਮੋਰ॥ (੩੨੩)

– ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ॥ (੯੮੨)

<u>ਪਸੁ, ਪਸੁ–ਪੰਖੀ, ਪੰਖਣੂ, ਪਤੰਗ, ਪਪੀਲਕਾ</u>

– ਨਰੂ ਮਰੈ ਨਰੁ ਕਾਮਿ ਨ ਆਵੈ॥ ਪਸੂ ਮਰੈ ਦਸ ਕਾਜ ਸਵਾਰੈ ॥ (੮੭੦)

– ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ (੪੮੯)

– ਜਿਨ ਕੈ ਭੀਤਰਿ ਹੈ ਅੰਤਰਾ॥ ਜੈਸੇ ਪਸੁ ਤੈਸੇ ਓਇ ਨਰਾ॥ (੧੧੬੩)

– ਅਠ ਦਸ ਬੇਦ ਸੁਨੇ ਕਹ ਡੋਰਾ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥
ਪਸੂ ਪਰੀਤਿ ਘਾਸ ਸੰਗਿ ਰਚੈ॥ ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ॥ (੮੯੨)

– ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥
ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥ (੧੩੭੬)

– ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ (੧੩੮੩)

– ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ॥
ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ॥ (੬੦)

– ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥
ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ॥ (੪੮੨)

– ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ॥ ਕਬਹੂ ਮੋਨਿਧਾਰੀ ਲਾਵੈ ਧਿਆਨੁ॥
ਕਬਹੂ ਤਟ ਤੀਰਥ ਇਸਨਾਨ॥ ਕਬਹੂ ਸਿਧ ਸਾਧਿਕ ਮੁਖਿ ਗਿਆਨ॥
ਕਬਹੂ ਕੀਟ ਹਸਤਿ ਪਤੰਗ ਹੋਇ ਜੀਆ॥ ਅਨਿਕ ਜੋਨਿ ਭਰਮੈ ਭਰਮੀਆ॥ (੨੭੭)

– ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ॥ ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ॥
ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ॥ (੧੩੫੯)

<u>ਬਰਦ, ਬਲਦ, ਬੈਲ, ਬ੍ਰਿਖ ਧੋਲ, ਬਾਛਰ, ਬਰਛੈ, ਬਾਝ, ਬੱਕਰੀ (ਅਜਾ), ਬਿਲਾਈ, ਬਿਲਕ, ਬਿਲਾਸੁ, ਮੰਜਾਰ (ਬਿੱਲੀ), ਬੰਤਰ, ਕਪਿਲ, ਬਾਜ, ਬਾਸਾ, ਬਗੁਲਾ, ਬਗੁ:</u>

– ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੂ ਢਮਕਾਵੈ॥ (੮੭੪)

– ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥ (੮੭੪)

– ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ॥ (੩੬੮)

– ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ (੧੭੬)

– ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (੩)

– ਸਾਗਰੁ ਤਰਿਓ ਬਾਛਰ ਖੋਜ॥ ਖੇਦੁ ਨ ਪਾਇਓ ਨਹ ਫੁਨਿ ਰੋਜ॥
ਸਿੰਧੁ ਸਮਾਇਓ ਘਟੁਕੇ ਮਾਹਿ॥ ਕਰਣਹਾਰ ਕਉ ਕਿਛੁ ਅਚਰਜੁ ਨਾਹਿ॥ (੮੯੯)

– ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ (੫੨੫)

– ਜਿਉ ਮਧੁ ਮਾਖੀ ਸੰਚੈ ਅਪਾਰ॥ ਮਧੁ ਲੀਨੋ ਮੁਖਿ ਦੀਨੀ ਛਾਰੁ॥
ਗਊ ਬਾਛ ਕਉ ਸੰਚੈ ਖੀਰੁ॥ ਗਲਾ ਬਾਂਧਿ ਦੁਹਿ ਲੇਇ ਅਹੀਰੁ॥ (੧੨੫੨)

– ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ॥
ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ॥ (੬੦੫)

– ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥
ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥ (੧੩੫੭)

– ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥ (੩੮੧)

– ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ॥
ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ॥
ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ॥
ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ॥ (੮੪੫)

– ਗਰੁੜ ਮੁਖਿ ਨਹੀ ਸਰਪ ਤ੍ਰਾਸ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ॥
ਜੈਸੋ ਆਂਡੋ ਹਿਰਦੇ ਮਾਹਿ॥ ਜੈਸੋ ਦਾਨੋ ਚਕੀ ਦਰਾਹਿ॥ (੯੮੭)

– ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ॥
ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ॥ (੧੩੮੭)

– ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥ ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥
ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥
ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥ (੧੪੧੨)

– ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ॥
ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ॥ (੮੬੨)

– ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥(੧੨੮੮)

– ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ॥
ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ॥ (੧੨੧੬)

– ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥(੧੩੮੩)

– ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ॥ ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥(੧੩੮੪)

<u>ਭੈਸਾ, ਭੇਡ, ਲੇਲਾ ਛੇਲ, ਗਾਡਰ, ਭਵਰ, ਭੌਰਾ ਮਧੁਕਰ, ਅਲਿ, ਅਲੀਅਲ, ਭਾਂਭੀਰੀ</u>

– ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੂਘੈ ਨਿਤ ਭੇਡ॥ (੩੨੬)

– ਨਾ ਤਨੁ ਤੇਰਾ ਨਾ ਮਨੁ ਤੋਹਿ॥ ਮਾਇਆ ਮੋਹਿ ਬਿਆਪਿਆ ਧੋਹਿ॥
ਕੁਦਮ ਕਰੈ ਗਾਡਰ ਜਿਉ ਛੇਲ॥ ਅਚਿੰਤੁ ਜਾਲੁ ਕਾਲੁ ਚਕ੍ਰ ਪੇਲ॥ (੮੯੯)

– ਗਾਡਰ ਲੇ ਕਾਮਧੇਨੁ ਕਰਿ ਪੂਜੀ॥ ਸਉਦੇ ਕਉ ਧਾਵੈ ਬਿਨੁ ਪੂੰਜੀ॥ (੧੯੮)

– ਆਪੇ ਭਵਰੁ ਫੁਲੁ ਫਲੁ ਤਰਵਰੁ॥ ਆਪੇ ਜਲੁ ਥਲੁ ਸਾਗਰੁ ਸਰਵਰੁ॥
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ॥ (੧੦੨੦)

– ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ॥ ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ॥(੧੦੯੦)

– ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥ (੩੬੯)

– ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ
ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ॥ (੪੬੨)

– ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥ (੬੨੪)

<u>ਮਛਲੀ, ਡੀਹਰ, ਮੁਰਗਾਈ, ਮੁਰਗਾ (ਕੁਰਕੁਟ), ਮੋਰ, ਮੱਖੀ, ਮੱਛਰ, ਮਸਕ</u>

– ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ॥
ਆਪਿ ਅਭੁਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ॥ (੬੦੫)

– ਗਰਬਿ ਗਹਿਲੜੋ ਮੂੜੜੋ ਹੀਓ ਰੇ॥ ਹੀਓ ਮਹਰਾਜ ਰੀ ਮਾਇਓ॥
ਡੀਹਰ ਨਿਆਈ ਮੋਹਿ ਫਾਕਿਓ ਰੇ॥ਰਹਾਉ॥ (੭੧੫)

– ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ॥
ਮੇਰੇ ਠਾਕੁਰੁ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ॥ (੧੩੨੪)

– ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥ (੯੩੮)

– ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ॥ (੪੭੬)

– ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥(੫੫੭)

– ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ॥
ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰ ਧਨ ਸੋਹਾਗੈ॥ (੧੧੯੭)

– ਮੇਘ ਸਮੈ ਮੋਰ ਨਿਰਤਿਕਾਰ॥ ਚੰਦ ਦੇਖਿ ਬਿਗਸਹਿ ਕਉਲਾਰ॥
ਮਾਤਾ ਬਾਰਿਕ ਦੇਖਿ ਅਨੰਦ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ॥ (੧੧੮੦)

– ਘਨਘੋਰ ਪ੍ਰੀਤਿ ਮੋਰ॥ ਚਿਤੁ ਚਾਤ੍ਰਿਕ ਬੂੰਦ ਓਰ॥
ਐਸੋ ਹਰਿ ਸੰਗੇ ਮਨ ਮੋਹ॥ ਤਿਆਗਿ ਮਾਇਆ ਧੋਹ॥ ਮਿਲਿ ਸੰਤ ਨਾਨਕ ਜਾਗਿਆ॥ (੧੨੭੨)

– ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ॥
ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ॥ (੬੫੪)

– ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥ (੧੧੦੮)

– ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ॥
ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ॥ (੧੩੫੯)

– ਮਾਧਉ ਜਲ ਕੀ ਪਿਆਸ ਨ ਜਾਇ॥ ਜਲ ਮਹਿ ਅਗਨਿ ਉਠੀ ਅਧਿਕਾਇ॥ਰਹਾਉ॥
ਤੂੰ ਜਲਨਿਧਿ ਹਉ ਜਲ ਕਾ ਮੀਨੁ॥ ਜਲ ਮਹਿ ਰਹਉ ਜਲਹਿ ਬਿਨੁ ਖੀਨੁ॥
ਤੂੰ ਪਿੰਜਰੁ ਹਉ ਸੂਅਟਾ ਤੋਰ॥ ਜਮੁ ਮੰਜਾਰੁ ਕਹਾ ਕਰੈ ਮੋਰ॥
ਤੂੰ ਤਰਵਰੁ ਹਉ ਪੰਖੀ ਆਹਿ॥ ਮੰਦਭਾਗੀ ਤੇਰੋ ਦਰਸਨੁ ਨਾਹਿ॥
ਤੂੰ ਸਤਿਗੁਰੁ ਹਉ ਨਉਤਨੁ ਚੇਲਾ॥ ਕਹਿ ਕਬੀਰ ਮਿਲੁ ਅੰਤ ਕੀ ਬੇਲਾ॥ (੩੨੩)

ਕੀ ਇਹ ਕੁਝ ਵੀ ਸ੍ਰਿਸ਼ਟੀ ਸਿਰਜਣਾ ਦਾ ਹੀ ਹਿੱਸਾ ਹਨ?

(ਪਾਰਜਾਤ ਰੁੱਖ ਅਥਵਾ ਕਲਿਪ ਬਿਰਛ ਅਤੇ ਕਾਮਧੇਨ ਗਉ)

ਕਥਿਤ ਤੌਰ 'ਤੇ ਮਨੁੱਖ ਦੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਸਕਣ ਦੀ ਸ਼ਕਤੀ ਵਾਲੇ ਇਹ ਕਥਿਤ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਦੋਵੇਂ ਹੀ ਮਨੁੱਖ ਦੇ ਤ੍ਰਿਸ਼ਨਾਲੂ ਮਨ ਤੋਂ ਪੈਦਾ ਹੋਏ ਹਨ। ਇਨ੍ਹਾਂ ਦੋਹਾਂ ਕਲਪਤ ਪਦਾਰਥਾਂ ਦੀ ਕਦਰ ਮਾਣ ਵਧਾ ਕੇ ਇਨ੍ਹਾਂ ਦੀ ਹੋਂਦ ਨੂੰ ਸੱਚ ਦਾ ਰੂਪ ਦੇਣ ਲਈ, ਬਿਪਰੀ ਗ੍ਰੰਥਾਂ ਵਿੱਚ ਬੜੀਆਂ ਕਹਾਣੀਆਂ ਨਾਲ ਜੋੜ ਕੇ ਪ੍ਰਚਾਰਿਆ ਹੋਇਆ ਹੈ। ਦੋਵੇਂ ਹੀ ਹਿੰਦੂ ਧਰਮ ਦਾ ਅੰਗ ਬਣ ਚੁੱਕੇ ਹੋਏ ਹਨ ਅਤੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੀ ਸ਼ਰਧਾ ਦਾ ਕੇਂਦਰ ਬਣ ਕੇ ਮੰਦਰਾਂ ਵਿੱਚ ਪੂਜਾ ਕਰਵਾ ਰਹੇ ਹਨ। ਸੋ ਇਨ੍ਹਾਂ ਦੋਹਾਂ ਬਾਰੇ ਹਿੰਦੂ ਗ੍ਰੰਥਾਂ ਵਿਚਲੀਆਂ ਲਿਖਤਾਂ ਦੇ ਸੰਖੇਪ ਜ਼ਿਕਰ ਤੋਂ ਉਪਰੰਤ ਇੰਨ੍ਹਾਂ ਬਾਰੇ ਵੀ ਅੱਡਰੀ ਗੁਰਮਤਿ ਵਿਚਾਰ ਇਸ ਤਰ੍ਹਾਂ ਹੈ:

ਪਾਰਜਾਤ ਰੁੱਖ ਨੂੰ ਕਲਪ ਬ੍ਰਿਖ ਵੀ ਲਿਖਿਆ ਹੈ। ਪੁਰਾਣਾਂ ਵਿੱਚ ਸਾਖੀ ਹੈ ਕਿ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਪਤਾ ਨਹੀਂ ਕਦੋਂ ਅਤੇ ਕਿਹੜਾ ਸਮੁੰਦਰ ਰਿੜਕਿਆ ਤਾਂ ਉਸ ਵਿੱਚੋਂ ਕੁੱਲ ਚੌਦਾਂ ਰਤਨ ਨਿਕਲੇ ਸਨ। ਉਨ੍ਹਾਂ ਰਤਨਾਂ ਵਿੱਚ ਦੋ ਰਤਨ ਪਾਰਜਾਤ ਰੁੱਖ (ਕਲਪ ਬ੍ਰਿਛ) ਅਤੇ ਕਾਮਧੇਨ ਗਾਂ ਵੀ ਹਨ। ਸਮੁੰਦਰ ਰਿੜਕਣ ਵਾਲੀ ਇਸ ਮਿਥਿਹਾਸਕ ਸਾਖੀ ਦਾ ਜ਼ਿਕਰ ਸਤਿਗੁਰੂ ਨਾਨਕ ਜੀ ਨੇ ਆਸਾ ਰਾਗ ਦੇ ਉਸੇ ਗੁਰਬਾਣੀ ਸ਼ਬਦ ਵਿੱਚ ਹੀ ਕੀਤਾ ਹੈ, ਜਿਸ ਵਿੱਚ

ਪੁਰਾਣਕ ਕਹਾਣੀਆਂ ਨੂੰ ਸੱਚ ਸਿੱਧ ਕਰਨ ਵਾਲਿਆਂ ਦੀ ਉਸ ਭੁੱਲ ਵੱਲ ਧਿਆਨ ਦਿਵਾਇਆ ਹੋਇਆ ਹੈ ਜਿਹੜੀ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਉਸਤਤ ਦੇ ਥਾਂ ਨਿੰਦਿਆ ਕਰਨ ਵਿੱਚ ਕੀਤੀ ਜਾ ਰਹੀ ਹੈ। ਤੁਕ ਇਸ ਪ੍ਰਕਾਰ ਹੈ:

– ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥ (੩੫੦)

ਸਮੁੰਦਰ ਰਿੜਕਣ ਵਾਲੀ ਗਾਥਾ ਵਿੱਚ ਪੁਰਾਣਾਂ ਦੇ ਲਿਖਾਰੀ ਬਿਪਰ ਨੇ ਲਿਖਿਆ ਹੈ ਕਿ ਸ਼ੇਸ਼ਨਾਗ ਦਾ ਨੇਤਰਾ ਪਾ ਕੇ ਜਦ ਦੇਵਤਿਆਂ ਅਤੇ ਦੈਂਤਾਂ ਨੇ ਪਹਾੜ ਦੀ ਬਣਾਈ ਮਧਾਣੀ ਨੂੰ ਜ਼ੋਰ ਨਾਲ ਫੇਰਿਆ ਤਾਂ ਉਹ ਧਰਤੀ ਵਿੱਚ ਧਸਣੀ ਅਰੰਭ ਹੋ ਗਈ। ਇਸ ਔਕੜ ਨੂੰ ਦੂਰ ਕਰਨ ਲਈ ਵਿਸ਼ਨੂੰ ਭਗਵਾਨ ਨੇ ਕੱਛੂ ਬਣ ਕੇ ਆਪਣੀ ਪਿੱਠ ਉਸ ਪਹਾੜ ਮਧਾਣੀ ਦੇ ਹੇਠਾਂ ਜਾ ਦਿੱਤੀ। ਭਾਵ ਜਿਸ ਵਿਸ਼ਨੂੰ ਭਗਵਾਨ ਨੂੰ ਸਿਰਜਣਹਾਰ ਵਿਧਾਤਾ ਅਤੇ ਆਦਿ ਪੁਰਖ ਲਿਖਿਆ ਹੈ, ਜਿਸ ਬਾਰੇ ਇਹ ਵੀ ਲਿਖਿਆ ਹੈ ਕਿ ਬ੍ਰਹਮਾ ਉਸ ਦੀ ਧੁੰਨੀ ਵਿੱਚੋਂ ਉਗੇ ਕੰਵਲ ਫੁੱਲ ਦੀ ਨਾਲੀ ਵਿੱਚੋਂ ਜਨਮਿਆ ਸੀ ਅਤੇ ਜਿਸ ਭਗਵਾਨ ਦੀ ਕੰਨਾਂ ਦੀ ਮੈਲ ਤੋਂ ਬਣੇ ‘‘ਮਧ’’ ਦੈਂਤ ਦੇ ਮੇਹਦੇ ਦੀ ਮੇਦਨੀ (ਧਰਤੀ) ਬਣੀ ਲਿਖੀ ਹੈ, ਜਿਸ ਭਗਵਾਨ ਨੂੰ ਆਪਣੀ ਸਿਰਜਣਾ ਦੇ ਕਣ-ਕਣ ਵਿੱਚ ਸਮਾਇਆ ਹੋਇਆ ਵੀ ਲਿਖਿਆ ਹੈ, ਉਸੇ ਭਗਵਾਨ ਨੂੰ ਸਮੁੰਦਰ ਦੀ ਰੇਤ ਅਥਵਾ ਗਾਰੇ ਵਿੱਚ ਮੂੰਹ ਪਰਨੇ ਪਏ ਪਹਾੜ ਦੀ ਮਧਾਣੀ ਦੇ ਰਗੜੇ ਸਹਾਰਦਾ ਦਰਸਾ ਕੇ ਸਰਬ ਸ਼ਕਤੀਮਾਨ ਅਕਾਲ ਪੁਰਖ ਨਾਲ ਘਟੀਆ ਕਿਸਮ ਦਾ ਮਖੌਲ ਕੀਤਾ ਹੋਇਆ ਹੈ।

ਬੇਹਿਸਾਬੀ ਮਾਇਆ ਦੇ ਪੱਕੇ ਸਾਧਨ ਬਣਾਉਣ ਲਈ ਫਿਰ ਇਹ ਲਿਖ ਦਿੱਤਾ ਕਿ ਸਮੁੰਦਰ ਵਿੱਚੋਂ ਨਿਕਲੇ ਅੰਮ੍ਰਿਤ ਦੇ ਘੜੇ ਦੀ ਵੰਡ ਤੇ ਦੇਵਤਿਆਂ ਅਤੇ ਦੈਂਤਾਂ ਵਿੱਚ ਜੰਗ ਛਿੜ ਪਈ ਜੋ ਬਾਰਾਂ ਸਾਲ ਚਲਦੀ ਰਹੀ। ਪਹਿਲਾਂ ਤਾਂ ਭਗਵਾਨ ਨੂੰ ਕੱਛੂ ਬਣਾ ਕੇ ਘਟੀਆ ਕਿਸਮ ਦਾ ਮਖੌਲ ਕਰ ਲਿਆ ਸੀ, ਪਰ ਦੈਂਤਾਂ ਅਤੇ ਦੇਵਤਿਆਂ ਦੀ ਇਸ ਲੜਾਈ ਨੂੰ ਹਟਾਉਣ ਲਈ ਸਿਰਜਣਹਾਰ ਪ੍ਰਭੂ ਨੂੰ ਉਸ ਤੋਂ ਵੀ ਭੈੜੇ ਰੂਪ ਵਿੱਚ ਵਿਚਰਦਾ ਦਰਸਾ ਦਿੱਤਾ। ਜਿਸ ਅਕਾਲ ਪੁਰਖ ਦੇ ਸੱਚੇ ਅਤੇ ਅਟੱਲ ਨਿਆਉਂ ਬਾਰੇ ਗੁਰਮਤਿ ਵਿੱਚ ਇਹ ਵਿਸ਼ਵਾਸ ਹੈ **“ਸਚਾ ਸਾਹਿਬੁ ਸਚੁ ਨਿਆਉ”** ਉਸ ਪ੍ਰਮਾਤਮਾ ਨੂੰ ਨਿਰਾ ਇੱਕ ਠੱਗ ਮੋਹਨੀ ਇਸਤਰੀ ਹੀ ਨਹੀਂ ਬਣਾਇਆ ਸਗੋਂ ਉਸਨੂੰ ਬੜਾ ਬੇਇਨਸਾਫ਼ੀ ਅਤੇ ਧੱਕੇ ਖੋਰ ਦਰਸਾਉਣ ਵਿੱਚ ਬ੍ਰਾਹਮਣ ਦਾ ਹਿਰਦਾ ਜ਼ਰਾ ਨਹੀਂ ਕੰਬਿਆ। ਪ੍ਰਭੂ ਦਾ ਮੌਜੂ ਉਡਾਉਣ ਵਾਲੀ ਅਗਲੀ ਵਿਥਿਆ ਇਸ ਪ੍ਰਕਾਰ ਹੈ:

ਕਹਾਣੀਕਾਰ ਬ੍ਰਾਹਮਣ ਨੇ ਸਿਰਜਣਹਾਰ ਤੋਂ ਬੜੀ ਮਨਮੋਹਣੀ ਕਾਮਿਨੀ ਭਾਵ ਬੜੀ ਸੁੰਦਰ ਇਸਤਰੀ ਬਣਾ ਕੇ ਉਸ ਨੂੰ ‘‘ਮੋਹਣੀ ਅਵਤਾਰ’’ ਘੋਸ਼ਿਤ ਕਰ ਦਿੱਤਾ। ਦੇਵਤਿਆਂ ਅਤੇ ਦੈਂਤਾਂ ਵਿੱਚ ਬਾਰਾਂ ਸਾਲ ਤੋਂ ਚੱਲ ਰਿਹਾ ਝਗੜਾ ਖ਼ਤਮ ਕਰਨ ਲਈ ਮੋਹਨੀ ਰੂਪ ਪ੍ਰਭੂ ਨੂੰ ਸਾਲਸ ਥਾਪ ਦਿੱਤਾ ਅਤੇ ਫਿਰ ਪ੍ਰਮਾਤਮਾ ਦੇ ਹੱਥੋਂ ਇਨਸਾਫ਼ ਇਹ ਕਰਵਾਇਆ ਕਿ ਚੌਦਾਂ ਰਤਨਾਂ ਵਿੱਚੋਂ ਪੰਜ ਰਤਨ ਉਸਨੇ ਆਪ ਹੀ ਸਾਂਭ ਲਏ, ਪਰੀਆਂ ਦੇ ਅਤੇ ਸਵਰਗਾਂ ਦੇ ਇੰਨਚਾਰਜ ਇੰਦਰ ਦੇਵਤੇ ਦੇ ਹਵਾਲੇ ਤਿੰਨ ਰਤਨ ਕਰ ਦਿੱਤੇ। ਸ਼ਿਵਜੀ ਨੂੰ ਭੋਲੇ ਨਾਥ ਦਰਸਾ ਕੇ ਉਸਨੂੰ ਕਾਲਕੂਟ ਭਾਵ ਸ਼ਹਿਰ ਦਾ ਮਾਲਕ ਬਣਾ ਕੇ ਉਸਦੇ ਮੱਥੇ ਤੇ ਅਰਧ ਚੰਦ ਟਿਕਾ ਦਿੱਤਾ, ਸੂਰਜ ਨੇ ਕਿਉਂਕਿ ਸੰਸਾਰ ਤੇ ਲੋਅ ਕਰਨ ਲਈ ਬੜੇ ਸਫ਼ਰਾਂ ਵਿੱਚ ਰਹਿਣਾ ਹੁੰਦਾ ਹੈ ਇਸ ਲਈ ਘੋੜਾ ਉਸਨੂੰ ਬਖ਼ਸ਼ ਦਿੱਤਾ। ਦੇਵਤਿਆਂ ਨੂੰ ਅੰਮ੍ਰਿਤ ਪਿਲਾ ਕੇ ਅਮਰ ਬਣਾ ਦਿੱਤਾ ਅਤੇ ਦੈਂਤਾਂ ਨੂੰ ਸ਼ਰਾਬ ਪਿਲਾ ਕੇ ਮਦਹੋਸ਼ ਕਰ ਦਿੱਤਾ। ਇਹ ਸੀ ਭਗਵਾਨ ਦਾ ਇਨਸਾਫ਼ ਜੋ ਬਿਪਰ ਦੀ ਕਲਮ ਨੇ ਦਰਸਾਇਆ ਹੈ। ਧਨੰਤਰ ਵੈਦ ਤਾਂ ਆਪਣੇ ਆਪ ਵਿੱਚ ਹੀ ਇੱਕ ਰਤਨ ਸੀ। ਸਮੁੰਦਰ ਵਿੱਚ ਡੁੱਬੇ ਹੋਏ ਨੂੰ ਬਾਹਰ ਕੱਢ ਦੇਣ ਵਾਲਾ ਉਪਕਾਰ ਹੀ, ਧਨੰਤਰ ਰਤਨ ਲਈ ਕਾਫ਼ੀ ਬਣਾ ਦਿੱਤਾ। ਰਤਨਾਂ ਦੀ ਇਸ ਵੰਡ ਗਾਥਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਇਸ ਪ੍ਰਕਾਰ ਕੀਤਾ ਹੈ:

– ਖੀਰ ਸਮੁੰਦੁ ਵਿਰੋਲਿਕੈ ਕਢਿ ਰਤਨ ਚਉਦਹ ਵੰਡਿ ਲੀਤੇ॥
ਮਣਿ ਲੱਖਮੀ ਪਾਰਜਾਤ ਸੰਖੁ ਸਾਰੰਗ ਧਣਖੁ ਬਿਸਨੁ ਵਸਿ ਕੀਤੇ॥
ਕਾਮਧੇਨੁ ਤੇ ਅਪੱਛਰਾਂ ਐਰਾਪਤਿ ਇੰਦ੍ਰਾਸਣਿ ਸੀਤੇ॥ ਕਾਲਕੂਟ ਤੇ ਅਰਧ ਚੰਦੁ ਮਹਾਂਦੇਵ ਮਸਤਕਿ ਧਰਿ ਪੀਤੇ॥
ਘੋੜਾ ਮਿਲਿਆ ਸੂਰਜੈ ਮਦੁ ਅਮਿਤ੍ਰ ਦੇਵ ਦਾਨਵ ਰੀਤੇ॥ ਕਰੇ ਧਨੰਤਰੁ ਵੈਦਗੀ ਡੱਸਿਆ ਤੱਛਕਿ ਮਤਿ ਬਿਪਰੀਤੇ॥
ਗੁਰ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧ ਅਗਣੀਤੇ॥ ਸਤਿਗੁਰੁ ਸਿਖਾ ਸਚੁ ਪਰੀਤੇ॥(ਵਾਰ ੨੬ ਪਉੜੀ ੨੩)

ਏਥੇ ਸਾਡਾ ਸੰਬੰਧ ਪਾਰਜਾਤ ਅਤੇ ਕਾਮਧੇਨ ਨਾਲ ਹੈ। ਭਾਈ ਗੁਰਦਾਸ ਜੀ ਦੀ ਲਿਖਤ ਵਿੱਚ ਅਸਾਂ ਵੇਖ ਲਿਆ ਹੈ ਪਾਰਜਾਤ ਰੁੱਖ ਵਿਸ਼ਨੂੰ ਨੇ ਸਾਂਭ ਲਿਆ ਸੀ ਅਤੇ ਕਾਮਧੇਨ ਗਊ ਸੁਰਗਾਂ ਦੇ ਚਾਬੀ ਬਰਦਾਰ ਦੇਵਰਾਜ ਇੰਦਰ ਦੇ ਹਿੱਸੇ ਆਈ ਲਿਖੀ ਹੈ। ਭਾਈ ਗੁਰਦਾਸ ਜੀ ਨੇ ਇਹ ਨਹੀਂ ਲਿਖਿਆ ਕਿ ਪਾਰਜਾਤ ਰੁੱਖ ਇੰਦਰ ਦੇ ਬਾਗ ਵਿੱਚ ਕਿਵੇਂ ਜਾ ਲੱਗਾ ਸੀ। ਮਹਾਨਕੋਸ਼ ਅਨੁਸਾਰ ਇਹ ਰੁੱਖ ਮਿਲਿਆ ਹੀ ਇੰਦਰ ਦੇਵਤੇ ਨੂੰ ਸੀ। ਇਸ ਗਾਥਾ ਦਾ ਜ਼ਿਕਰ ਗੁਰਬਾਣੀ ਵਿੱਚ ਇਉਂ ਹੈ:

– ਪਾਰਜਾਤੁ ਗੋਪੀ ਲੈ ਆਇਆ ਬ੍ਰਿੰਦਾਬਨ ਮਹਿ ਰੰਗੁ ਕੀਆ॥ (੪੭੦)

ਭਾਈ ਗੁਰਦਾਸ ਜੀ ਨੇ ਵੀ ਪੁਰਾਣਾਂ ਦੀਆਂ ਲਿਖਤਾਂ ਦੇ ਆਧਾਰ 'ਤੇ ਹੀ ਲਿਖਿਆ ਹੈ ਕਿ ਕਾਮਧੇਨ ਗਊ ਸਮੁੰਦਰ ਵਿੱਚੋਂ ਨਿਕਲਿਆ ਇੱਕ ਰਤਨ ਹੈ ਜੋ ਦੇਵਤਿਆਂ ਦੇ ਰਾਜੇ ਇੰਦਰ ਦੇ ਹਿੱਸੇ ਆਈ ਸੀ। ਸੋ ਇਨ੍ਹਾਂ ਪੁਰਾਣਿਕ ਗ੍ਰੰਥਾਂ ਦੀਆਂ ਲਿਖਤਾਂ ਆਪਸ ਵਿੱਚ ਇੱਕ ਦੂਜੇ ਨੂੰ ਕੱਟ ਰਹੀਆਂ ਹੋਣ ਕਰਕੇ ਸਿੱਧ ਹੁੰਦਾ ਹੈ ਕਿ ਵਾਸਤਵ ਵਿੱਚ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਵੀ ਮੂਰਖਾਂ ਦੇ ਹੀ ਸੁਰਗ ਵਾਲੀ ਹੀ ਗੱਪ ਹੈ। ਕਿੱਥੋਂ ਪਤਾ ਲੱਗੇ ਕਿ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਪਾਰਜਾਤ ਰੁੱਖ ਅਥਵਾ ਕਾਮਧੇਨ ਗਊ ਅਸਲ ਵਿੱਚ ਕੌਣ ਸੀ? ਇਸ ਭੇਤ ਨੂੰ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਣ ਵਿੱਚ ਆਈਏ:

– ਚਾਰਿ ਪਦਾਰਥ ਹਰਿ ਕੀ ਸੇਵਾ॥ ਪਾਰਜਾਤੁ ਜਪਿ ਅਲਖ ਅਭੇਵਾ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ॥
ਪੂਰਨ ਭਾਗ ਭਏ ਜਿਸੁ ਪ੍ਰਾਣੀ॥ ਸਾਧਸੰਗਿ ਮਿਲੇ ਸਾਰੰਗਪਾਣੀ॥
ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ॥ (੧੦੮)

ਪ੍ਰਮਾਤਮਾ ਦੀ ਸੇਵਾ ਭਗਤੀ ਹੀ ਦੁਨੀਆਂ ਦੇ ਚਾਰ ਪਦਾਰਥ ਹਨ। ਹੇ ਭਾਈ! ਅਲੱਖ ਅਭੇਵ ਦਾ ਨਾਮ ਜਪ, ਇਹੀ ਪਾਰਜਾਤ ਹੈ। ਜਿਸ ਮਨੁੱਖ ਅੰਦਰ ਗੁਰੂ ਨੇ ਕਾਮ ਕ੍ਰੋਧ ਦੂਰ ਕਰ ਦਿੱਤਾ, ਜਿਸਨੇ ਸਾਰੇ ਪਾਪ ਕੱਟ ਦਿੱਤੇ, ਉਸਦੀ ਹਰ ਆਸਾ ਪੂਰੀ ਹੋ ਗਈ। ਜਿਸ ਮਨੁੱਖ ਦੇ ਪੂਰੇ ਭਾਗ ਜਾਗ ਪੈਣ ਉਸ ਨੂੰ ਸਾਧ ਸੰਗਤਿ ਵਿੱਚ ਪ੍ਰਮਾਤਮਾ ਮਿਲ ਪੈਂਦਾ ਹੈ, ਉਹ ਘਰਬਾਰੀ ਹੁੰਦਾ ਹੋਇਆ ਹੀ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਅਤੇ ਉਸ ਪ੍ਰਭੂ ਦੇ ਦਰ ਤੇ ਕਬੂਲ ਹੁੰਦਾ ਹੈ।

– ਪਾਰਜਾਤੁ ਇਹੁ ਹਰਿ ਕੋ ਨਾਮ॥ ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥ (੨੬੫)

ਪ੍ਰਭੂ ਦਾ ਨਾਮ ਹੀ ਪਾਰਜਾਤ ਅਤੇ ਕਾਮਧੇਨ ਗਊ ਹੈ। ਪ੍ਰਭੂ ਦੇ ਨਾਮ ਦੀ ਕਥਾ ਸਾਰੇ ਪਦਾਰਥਾਂ ਤੋਂ ਉੱਤਮ ਹੈ। ਪ੍ਰਭੂ ਨਾਮ ਵਿੱਚ ਸੁਰਤ ਜੋੜਦਿਆਂ ਆਤਮਿਕ ਰੋਗ ਨਾਸ ਹੋ ਜਾਂਦੇ ਹਨ। ਸਪੱਸ਼ਟ ਹੈ ਕਿ ਪ੍ਰਭੂ ਨਾਮ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਸਮਝਣਾ ਬਿਪਰਵਾਦ ਹੀ ਹੈ।

– ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥ (੭੧੭)

– ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪੜ੍ਰ ਤਤੁ ਡਾਲਾ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥ (੫੦੩)

– ਭਾਈ ਰੇ ਸੰਤ ਜਨਾ ਕੀ ਰੇਨੁ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ॥ (੧੮)

– ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ॥
ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥ (੧੧੦੬)

– ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨੁ ਸੋਹੀ ਦਰਬਾਰੇ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥ (੧੦੭੮)

ਹਿੰਦੂ ਧਰਮ ਦਾ ਅੰਗ ਬਣ ਚੁੱਕੇ ਅਤੇ ਦੇਵੀ ਦੇਵਤਿਆਂ ਵਾਂਗ ਹੀ ਸਤਿਕਾਰੇ ਜਾਣ ਵਾਲੀ ਇਹ ਕਾਮਧੇਨ ਗਊ ਅਤੇ ਪਾਰਜਾਤ ਰੁੱਖ ਮਨੁੱਖੀ ਮਨ ਦੀ ਡੂੰਘੀ ਸ਼ਰਧਾ ਦਾ ਭਾਗ ਬਣ ਚੁੱਕੇ ਹਨ। ਏਹੀ ਕਾਰਨ ਹੈ ਕਿ ਸਤਿਗੁਰਾਂ ਨੇ ਜਿਵੇਂ ਦੇਵੀ ਦੇਵਤਿਆਂ ਦਾ ਅਤੇ ਸ਼ੇਸ਼ਨਾਗ ਦਾ ਜ਼ਿਕਰ ਪ੍ਰਥਾਇ ਸਾਖੀ ਦੇ ਤੌਰ 'ਤੇ ਕੀਤਾ ਹੈ ਉਵੇਂ ਹੀ ਪਾਰਜਾਤ ਰੁੱਖ ਦਾ ਅਤੇ ਕਾਮਧੇਨ ਗਊ ਦਾ ਜ਼ਿਕਰ ਵੀ ਕੀਤਾ ਹੈ। ਇਕਾਗਰਤਾ ਅਤੇ ਬਿਬੇਕਤਾ ਨਾਲ ਗੁਰਬਾਣੀ ਦੀ ਵਿਚਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੁਰਗ, ਨਰਕ, ਦੇਵੀ ਦੇਵਤੇ, ਸ਼ੇਸ਼ਨਾਗ ਅਥਵਾ ਪਾਰਜਾਤ ਰੁੱਖ ਅਤੇ ਕਾਮਧੇਨ ਗਊ ਆਦਿ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ ਹੈ।

– ਹੁਕਮੁ ਬੂਝੈ ਸੋ ਸੇਵਕੁ ਕਹੀਐ॥ ਬੁਰਾ ਭਲਾ ਦੁਇ ਸਮਸਰਿ ਸਹੀਐ॥
ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ॥ (੧੦੭੬)